# Tav Prasad Savaiye

## Tav Prasad Savaiye With Meaning In Punjabi And English

www.thesikhlife.com

thesikhlife

Our name identify us. TheSikhLife dedicated to those Sikh,
who don't know about Sikhism,
Sikh History, Sikh Culture, Guru Granth Sahib, Sacrifices of Sikh Guru.

"We Describe Everything About "Sikh's" in Both Punjabi And English."

We gave everything that every Sikh need.We do best at history of Sikh's, Sikh Guru, Sikh Maryada, Gurbani, Guru Granth Sahib, Turban Not about Sikhism, we also described History of Punjab, Punjab Cities and Punjab Culture.

TheSikhLife also has collections of Wallpapers, Sikh Religious Movies, Live Kirtan Broadcasting, Gurbani Quotes, Shabad, Gurmukhi Fonts and other stuff for Free.

Our Facebook Page – www.facebook.com/thesikhlife

Our Instagram Page – instagram.com/thesikhlife

Our Mail Id – thesikhlife@gmail.com

### Tav Prasad Savaiye Detail & Meaning

Tav-Prasad Savaiye is part of "Akal Ustat" written by Guru Gobind Singh ji. This Dasam Granth short hymn has 10 stanzas on 13 to 15 page. It is part of Sikh daily prayers 'Nitnem'. It also called Amrit Savaiye or Suhd Savaiye. Tav-Prasad Savaiye said "how to worship and realise God" even Akal Ustat means 'The praise of God'.

ੴ ਵਾਹਿਗੁਰੂ ਜੀ ਕੀ ਫਤਹ ॥
ਪਾਤਿਸ਼ਾਹੀ ੧੦॥

# ਤ੍ਵ ਪ੍ਰਸਾਦਿ ਸਵੱਯੇ

ਸਰਬ ਵਿਆਪਿਕ, ਸਰਬ ਸ਼ਕਤੀਮਾਨ, ਵਾਹਿਗੁਰੂ ਜੀ ਦੀ ਫ਼ਤਿਹ।
ਸਵੱਯੇ, ਤੁਹਾਡੀ ਕਿਰਪਾ ਦੇ ਨਾਲ ਲਿਖੇ । ਪਾਤਿਸ਼ਾਹੀ ਦੱਸਵੀਂ।
Ik-Oankaar Vaaheguroo jee kee Fateh / Paat.shaahee 10.

# T.AV PARSAAD. SVAYAE

Victory to the All Pervading God, Who is everywhere.
This style of the poetry written by His Grace. Tenth Guru.

ਸ੍ਰਾਵਗ ਸੁੱਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ ॥
Sr'aavag sudh: smooh sidhaan kae daekh phireo ghar jog jat.ee kae
ਸੁੱਧ: ਸੁਚ-ਸੰਜਮ ਵਾਲੇ, ਸ੍ਰਾਵਗ: ਬੁਧ-ਭਿਖਸ਼ੂ, ਅਤੇ ਸਿੱਧਾਂ (ਕਰਾਮਾਤੀ ਲੋਕਾਂ) ਦੇ ਇਕੱਠ, ਦੇਖ ਚੁੱਕਿਆ ਹਾਂ ਜੋਗੀਆਂ ਤੇ ਬਰਹਮਚਾਰੀਆਂ ਦੇ ਡੇਰੇ ਵੀ।
I have watched the pure Budh-saints, gatherings of adepts, and the places of the Yogis and celebates.

ਸੂਰ ਸੁਰਾਰਦਨ ਸੁੱਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ ॥
Soor suraard.an sudh: sudh:ad.ik san:t. smooh anaek mat.ee kae
ਬਹਾਦੁਰ, ਸੁਰਾਰਦਨ: ਦੈਂਤ (ਦੇਵਤੇ ਮਾਰਨ ਵਾਲੇ), ਸੱਚੇ-ਸੁੱਚੇ ਸੁਧਾਦਿਕ: ਦੇਵਤੇ (ਅੰਮ੍ਰਿਤ ਪੀਣ ਵਾਲੇ), ਅਨੇਕਾਂ ਮੱਤਾਂ ਵਾਲੇ ਸਾਰੇ ਸੰਤ ਜਨ ਵੀ ਦੇਖੇ ਹਨ।
I have also seen the heroes, demons, Godly persons, and the saints of all sorts.

ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥
Saarae hee d.aes ko d.aekh raheau mat.t. kaoo naa d.aekheeat. Praan Pat.ee kae
ਦੇਸ ਦੇ ਸਾਰੇ ਹੀ ਮੱਤਾਂ ਦੇ ਲੋਕ ਦੇਖ ਲਏ ਹਨ, ਭਰ ਕੋਈ ਇਕ ਵੀ ਅਜਿਹਾ ਨਹੀ ਦੇਖਿਆ ਕਿ ਜੋ ਪਰਾਣ-ਪਤੀ (ਪਰਮਾਤਮਾ) ਦਾ ਬਣੇ।
I studied the followers of all faiths, but did not find a single person devoted to God.

ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨੁ ਏਕ ਰਤੀ ਕੇ ॥੧॥ (੨੧)
Sr;ee Bhagvaan kee bhaae kr;ipaa hoo t.ae aek rat.ee binu aek rat.ee kae
ਕੋਈ, ਸ੍ਰੀ ਵਾਹਿਗੁਰੂ ਜੀ ਤੇ ਭਾਇ: ਸ਼ਰਧਾ (ਭਾਉ), ਉਹਨਾ ਦੀ ਕਿਰਪਾ, ਅਤੇ ਰਤੀ: ਉਹਨਾ ਦੇਨਾਲ ਪਰੇਮ, ਦੇ ਬਿਨਾ ਇਕ ਰੱਤੀ ਦਾ ਵੀ ਨਹੀ।
Any one, without the faith in God, His Mercy, and His love, is not worth an iota (Fraction) of anything.

ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ ਸਵਾਰੇ ॥
Maat.ae mat.ang jarae jar sang anoop out.an:g suran:g svaarae
ਕਿਸੇ ਕੋਲ ਬੇਮਿਸਾਲ (ਜਿਨ੍ਹਾਂ ਵਰਗੇ ਹੋਰ ਨਹੀ) ਉਤੰਗ: ਉੱਚੇ, ਸੁਰੰਗ: ਸੋਹਣੇ ਰੰਗ ਦੇ, ਮਾਤੇ (ਮਸਤ) ਮਤੰਗ: ਹਾਥੀ, ਸੋਨੇ ਦੇ ਨਾਲ ਜੜੇ ਹੋਏ ਹੋਣ,
If there is someone with wonderful, nice colored, gold laden (decorated with golden ornaments), high, intoxicated elephants,

ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕੋ ਜਾਤ ਨਿਵਾਰੇ ॥
Kot t.ran:g kuran:g sae kood.at poun kae goun ko jaat. nivaarae
ਕਰੋੜਾਂ ਤੁਰੰਗ: ਘੋੜੇ, ਕਿ ਜੋ ਕੁਰੰਗ: ਹਿਰਨਾਂ ਵਾਂਙ, ਕੁੱਦਦੇ ਹਨ, ਅਤੇ ਹਵਾ ਦੇ ਗਉਨ: ਵੇਗ, ਨੂੰ ਵੀ ਨਿਵਾਰੇ: ਪਿਛੇ ਪਾਈ ਜਾਣ ਵਾਲੇ ਹੋਣ,
One may have countless horses who jump like deers, and leave behind the fast wind as well,

ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਿਆਵਤ ਸੀਸ ਨ ਜਾਤ ਬਿਚਾਰੇ ॥
Bhaaree bhujaan kae bhoop bhalee bidh:e niaavat. sees naa jaat. bichaarae
ਉਹਦੇ ਅੱਗੇ ਤਕੜੀਆਂ ਭੁਜਾ: ਬਾਹਵਾਂ ਵਾਲੇ (ਤਾਕਤਵਰ), ਰਾਜੇ ਚੰਗੀ ਤਰ੍ਹਾਂ ਝੁੱਕ ਕੇ ਇੱਦਾਂ ਮੱਥਾ ਟੇਕਦੇ ਹੋਣ ਕਿ ਜੋ ਸੋਚਣਾ ਵੀ ਮੁਸ਼ਕਿਲ ਹੈ,
If the powerful monarchs bow before him respectfully beyond any belief,

ਏਤੇ ਭਏ ਤੁ ਕਹਾ ਭਏ ਭੂਪਤਿ ਅੰਤ ਕੌ ਨਾਂਗੇ ਹੀ ਪਾਂਇ ਪਧਾਰੇ ॥੨॥
Aet.ae bh-ae t.u k-haa bh-ae bhoopat.e a-n:t. kaou naan'gae hee paan'-e padh:aarae
ਜੇਕਰ ਇੱਦਾਂ ਦੇ ਤਾਕਤਵਰ ਰਾਜੇ ਬਣ ਵੀ ਗਏ ਤਾਂ ਕੀ ਹੋਇਆ, ਉਹ ਮਰ ਕੇ ਤਾਂ ਇਥੋਂ ਨੰਗੇ ਪੈਰੀਂ ਹੀ ਗਏ।
What then if someone became such a powerful king, in the end he left (after death) with bare feet.

ਜੀਤ ਫਿਰੈ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ ॥
Jeet. phiraae sabh d.aes d.issan ko baajat. dhol mr;id.ang nagaarae
ਜਿਹੜੇ, ਦੇਸਾਂ ਪਰਦੇਸਾਂ ਨੂੰ ਜਿੱਤਦੇ ਫਿਰੇ, ਅਤੇ ਜਿੱਤਾਂ ਦੀਆਂ ਧੁੱਮਾਂ ਵਿਚ ਢੋਲ, ਮਰਿਦੰਗ (ਢੋਲਕੀਆਂ) ਅਤੇ ਨਗਾਰੇ ਵੱਜੇ।
Those who kept conquering their own and other countries, and the drums of their victories kept beating.

ਗੁੰਜਤ ਗੂੜ੍ਹ ਗਜਾਨ ਕੇ ਸੁੰਦਰ ਹਿੰਸਤ ਹੀ ਹਯਰਾਜ ਹਜਾਰੇ ॥
Gun:jat. goor: gajaan kae sun:d.ar hin:sat. hee h-yraaj hajaarae
ਜਿਨ੍ਹਾਂ ਦੇ ਸੋਹਣੇ ਗਜਾਨ: ਹਾਥੀਆਂ ਦੇ, ਗੂੜ੍ਹ: ਟੋਲੇ, ਗੂੰਜਦੇ, ਅਤੇਹਜ਼ਾਰਾਂ ਹਯਰਾਜ: ਰਾਜ-ਘੋੜੇ (ਘੋੜਿਆਂ ਦੇ ਰਾਜੇ), ਹਿਣਕਦੇ ਹੋਣ,
Those with the herds of impressive elephants trumpting, and thousands of king-

horses neighing,

ਭੂਤ ਭਵਿੱਖ ਭਵਾਨ ਕੇ ਭੂਪਤ ਕਉਨ ਗਨੈ ਨਹੀਂ ਜਾਤ ਬਿਚਾਰੇ ॥
Bhoot. bhavikkh bhvaan kae bhoopat. koun ganaae naheen' jaat. bichaarae
ਬੀਤੇ, ਆਉਣ ਵਾਲੇ, ਅਤੇ ਹੁਣ ਦੇ ਸਮੇ ਦੇ ਰਾਜੇ, ਕੌਣ ਗਿਣੇ, ਕਿ ਜਿਨ੍ਹਾ ਦੀ ਗਿਣਤੀ ਬਾਰੇ ਅੰਦਾਜ਼ਾ ਲਾਉਣਾ ਕਠਨ ਹੈ,
The kings of the past, present, and future, hard to count and impossible to make an estimate,

ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕਉ ਅੰਤ ਕੇ ਧਾਮ ਸਿਧਾਰੇ ॥੩॥
Sr;eepat.-e Sr;ee Bhagwan bhajae binnu a-n:t kou a-n:t. kae dh.aam sidh:aarae.
ਸ੍ਰੀ ਪਤਿ: ਮਾਇਆ ਦੇ ਪਤੀ ਭਗਵਾਨ (ਨਾਸ਼-ਰਹਿਤ, ਦਾਤਾ, ਭਾਗਾਂ ਵਾਲਾ, ਪਰਮਾਤਮਾ) ਨੂੰ ਜਪਣ ਦੇ ਬਿਨਾ ਇਹੋ ਜਿਹੇ ਸਾਰੇ ਮੌਤ ਦੇ ਟਿਕਾਣੇ ਚਲੇ ਗਏ।
Without reciting the Name of God, all such people went to the place of death: died.

ਤੀਰਥ ਨਾਨ ਦਇਆ ਦਮ ਦਾਨ ਸੁ ਸੰਜਮ ਨੇਮ ਅਨੇਕ ਬਿਸੇਖੈ ॥
T.irath naan d.eaa d.amm d.aan su san:jamm naem anaek bisaekhaae
ਕੋਈ ਤੀਰਥ ਇਸ਼ਨਾਨ, ਤਰਸ, ਦਮ: ਮਨ ਨੂੰ ਵਿਕਾਰਾਂ ਤੋਂ ਰੋਕਣਾ, ਦਾਨ, ਸੰਜਮ: ਮਨ ਟਿਕਾਉਣ ਦੇ ਅਸੂਲ, ਅਜਿਹੇ ਬੇਅੰਤ ਬਿਸੇਖ: ਉੱਚੇ, ਨੇਮ ਧਾਰ ਲਵੇ,
May be one adopts high disciplines of bathing at shrines, compassion, methods to concentrate on God, and the mind-control,

ਬੇਦ ਪੁਰਾਨ ਕਤੇਬ ਕੁਰਾਨ ਜ਼ਮੀਨ ਜ਼ਮਾਨ ਸਬਾਨ ਕੇ ਪੇਖੈ ॥
Baed. Puraan Kat.aeb Kuraan zameen zamaan sabaan kae paekhaae
ਵੇਦ, ਪੁਰਾਨ, ਕੁਰਾਨ, ਇਹਦੇ ਨਾਲ ਦੀਆਂ ਹੋਰ ਪੁਸਤਕਾਂ, ਤੇ ਹੋਰ ਪੁਸਤਕਾਂ ਕਿ ਜੋ ਧਰਤੀ ਉੱਤੇ ਅਤੇ ਸਮੇ ਅਨੁਸਾਰ ਹੋਈਆਂ ਹਨ, ਕੋਈ ਪੜ੍ਹ ਲਵੇ,
Someone may read Vedas, Puranas, Koran and books related to these, and other books that came to the world at different periods,

ਪਉਨ ਅਹਾਰ ਜਤੀ ਜਤ ਧਾਰ ਸਬੈ ਸੁ ਬਿਚਾਰ ਹਜਾਰ ਕ ਦੇਖੈ ॥
Poun ahaar jat.ee jat.t. dhaar sabaae su bichaar hajaar ka d.aekhaae
ਉਹ ਜੋ ਹਵਾ ਹੀ ਖਾਂਦੇ ਹਨ (ਅੰਨ ਨਹੀ ਖਾਂਦੇ), ਜਤੀ ਕਿ ਜੋ ਬਰਹਮਚਾਰੀ ਰਹਿੰਦੇ ਹਨ, ਇਹੋ ਜਿਹੇ, ਹਜ਼ਾਰਾਂ ਵਿਚਾਰ ਕਰ ਦੇਖਣ,
Those who just subsist on air, the celibates who practice the sex-control, may contemplate thousands of times,

ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨੁ ਏਕ ਨ ਲੇਖੈ ॥੪॥
Sr;ee Bhagvaan bhajae binu bhoopat.-e aek rat.ee binu aek naa laekhaaae
ਭਗਵਾਨ (ਲਛਮੀ: ਮਾਇਆ ਦੇ ਪਤੀ, ਵਾਹਿਗੁਰੂ) ਦਾ ਭਜਨ ਕੀਤੇ ਬਿਨਾ, ਭਾਵੇਂ ਉਹ ਰਾਜਾ ਹੋਵੇ, ਵਾਹਿਗੁਰੂ–ਪਰੇਮ ਤੋਂ ਬਿਨਾ ਉਹਦੇ ਮਿਲਣ ਦਾ ਕੀਤਾ ਇਕ ਢੰਗ ਵੀ ਕਿਸੇ ਲੇਖੇ ਨਹੀ।
Without reciting the Name of God, even though he be a king, any effort to meet Him leads to nowhere.

ਸੁੱਧ ਸਿਪਾਹ ਦੁਰੰਤ ਦੁਬਾਹ ਸੁ ਸਾਜਿ ਸਨਾਹ ਦੁਰਜਾਨ ਦਲੈਂਗੇ ॥
Sudh: sipaah d.urant. dubaah su saaje snaah d.urjaan d.alaaen'gae
ਸਿੱਖੇ ਹੋਏ ਸਿਪਾਹੀ, ਦੁਰੰਤ: ਨਾ ਜਿੱਤੇ ਜਾਣ ਵਾਲੇ, ਦੁਬਾਹ: ਜਿਨ੍ਹਾਂ ਦੀ ਝਾਲ ਨਾ ਝੱਲੀ ਜਾ ਸਕੇ, ਪਹਿਨ ਕੇ ਸਨਾਹ: ਸੰਜੋਅ (ਲੋਹੇ ਦੇ ਕਪੜੇ), ਦੁਰਜਾਨ: ਦੁਸ਼ਮਣਾ ਨੂੰ, ਮਾਰ ਮੁਕਾਉਣ ਵਾਲੇ ਹੋਣ,
The trained soldiers who are unconquerable, very impressive, wearing armor, and they destroy enemies,

ਭਾਰੀ ਗੁਮਾਨ ਭਰੇ ਮਨ ਮੈਂ ਕਰ ਪਰਬਤ ਪੰਖ ਹਲੇ ਨ ਹਲੈਂਗੇ ॥
Bhaaree gumaan bharae mann maaen' karr parbat. pan:kh halae naa halaaen'gae
ਬਹੁਤ ਹੰਕਾਰ ਭਰਿਆ ਹੋਵੇ ਮਨ ਦੇ ਅੰਦਰ, ਕਿ ਸਾਹਮਣਿਉਂ ਪਹਾੜ ਭਾਵੇਂ ਪਰ ਲਾ ਕੇ ਉਡ ਜਾਣ, ਭਰ ਇਹ ਨਾ ਹਿੱਲੇ ਨਾ ਹਿੱਲਣਗੇ,
They be filled with pride that the mountains may move, but they will not,

ਤੋਰਿ ਅਰੀਨ ਮਰੋਰਿ ਮਵਾਸਨ ਮਾਤੇ ਮਤੰਗਨਿ ਮਾਨ ਮਲੈਂਗੇ ॥
T.or-e areen maror-e mavasan maat.ae mat.an:gan-e maan malaaen'gae
ਉਹ ਭੰਨ–ਤੋੜ ਕੇ ਅਰੀਨ: ਅੜੀਅਲ (ਵੈਰੀ), ਤੋੜ–ਮਰੋੜ ਕੇ ਮਵਾਸਨ: ਦੁਸ਼ਮਣ, ਮਾਤੇ: ਮਸਤ, ਮਤੰਗਨ: ਹਾਥੀਆਂ, ਦਾ ਵੀ ਮਾਣ ਮਲ ਦੇਣ ਵਾਲੇ ਹੋਣ,
They be strong enough to kill the stubborn opponents, crush the enemies, and even destroy the ego of the elephants,

ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ ਤਿਆਗਿ ਜਹਾਨ ਨਿਦਾਨ ਚਲੈਂਗੇ ॥੫॥
Sr;ee Pat.-e Sr;ee Bhagvaan kr;ipaa binu t.iaage jahaan nid.aan chalaaen'gae
ਸ੍ਰੀ ਪਤਿ: ਮਾਇਆ–ਪਤੀ, ਸ੍ਰੀ ਭਗਵਾਨ ਜੀ ਦੀ ਕਿਰਪਾ ਦੇ ਬਿਨਾ, ਅਜਿਹੇ ਵੀ ਛੱਡ ਦੁਨੀਆਂ, ਨਿਦਾਨ: ਅੰਤ ਨੂੰ, ਤੁਰ ਜਾਣਗੇ।
Without the Kindness of God, in the end, they will as well leave this world and go away.

ਬੀਰ ਅਪਾਰ ਬਡੇ ਬਰਿਆਰ ਅਬਿਚਾਰਹਿ ਸਾਰ ਕੀ ਧਾਰ ਭਛੱਯਾ ॥
Bee-r apaar badae bar-e-aar abchaarhe saar kee dh:aar bhachhayaa
ਉਹ ਯੋਧੇ ਵੱਡੇ, ਬੜੇ ਬਰਿਆਰ: ਬਲਵਾਨ, ਕਿ ਜੋ ਅਬਿਚਾਰਹਿ: ਬਿਨ ਸੋਚੇ (ਬੇਪਰਵਾਹ ਹੋ), ਸਾਰ: ਲੋਹੇ (ਤਲਵਾਰ) ਦੀ ਧਾਰ, ਭੱਛਯਾ: ਭੱਖਦੇ (ਖਾਂਦੇ, ਸਹਾਰਦੇ) ਹਨ,

Those brave, and very strong ones, who fearlessly face the sword,

**ਤੋਰਤ ਦੇਸ ਮਲਿੰਦ ਮਵਾਸਨ ਮਾਤੇ ਗਜਾਨ ਕੇ ਮਾਨ ਮਲੱਯਾ ॥**

T.orat. d.aes malin:d. mavaasan maat.ae gajaan kae maan mala-yaa

**ਉਹ ਜੋ ਦੇਸ਼ਾਂ ਨੂੰ ਤੋੜ ਦੇਣ (ਜਿਤ ਲੈਣ), ਮੱਲ ਦੇਣ ਮਵਾਸਨ: ਦੁਸ਼ਮਣ, ਅਤੇ ਦੱਲ-ਮੱਲ ਦੇਣ ਮਸਤ ਹਾਥੀਆਂ ਦਾ ਮਾਣ,**

Those who can win the countries, destroy their enemies, and finish the pride of the intoxicated elephants,

**ਗਾੜ੍ਹੇ ਗੜ੍ਹਾਨ ਕੇ ਤੋੜਨਹਾਰ ਸੁ ਬਾਤਨ ਹੀਂ ਚਕ ਚਾਰ ਲਵੱਯਾ ॥**

Gar:h;ae gar:haan kae t.or:anhaar su baat.an heen' chakk chaar lava-yaa

**ਮਜ਼ਬੂਤ ਕਿਲੇ ਤੋੜ ਦੇਣ ਵਾਲੇ, ਕਿ ਜੋ ਗੱਲੀਂ-ਬਾਤੀਂ ਹੀ ਚਾਰੇ ਚੱਕ: ਚਾਰੇ ਬੰਨਿਆਂ ਦੀ ਧਰਤੀ (ਦੁਨੀਆ), ਜਿਤ ਲੈਣ,**

Those who can break through the strong forts, and in a moment can take the land all around them - win the world,

**ਸਾਹਿਬੁ ਸ੍ਰੀ ਸਭ ਕੋ ਸਿਰਨਾਇਕ ਜਾਚਕ ਅਨੇਕ ਸੁ ਏਕ ਦਿਵੱਯਾ ॥੬॥**

Saahibu Sar;ee sabh ko si-r-naa-ik jachak anaek su aek diva-yaa

**ਸਾਹਿਬ ਸ੍ਰੀ: ਲੱਛਮੀ (ਮਾਇਆ) ਦਾ ਪਤੀ (ਪਰਮਾਤਮਾ), ਸਾਰਿਆਂ ਦਾ ਸਿਰ ਨਾਇਕ: ਸਿਰ ਤੇ ਮਾਲਿਕ ਹੈ, ਅਤੇ ਉੱਪਰ ਦਿਤਿਆਂ ਵਰਗੇ ਕਈ ਜੋਧੇ ਇਹਦੇ ਦਰਵਾਜ਼ੇ ਤੋਂ ਮੰਗਦੇ ਹਨ, ਭਰ ਦੇਣ ਵਾਲਾ ਇਕ ਉਹ ਆਪ ਹੀ ਹੈ।**

Many brave people as described above, beg at the door of the Lord, and the Giver is only He.

**ਦਾਨਵ ਦੇਵ ਫਨਿੰਦ ਨਿਸਾਚਰ ਭੂਤ ਭਵਿੱਖ ਭਵਾਨ ਜਪੈਂਗੇ ॥**

D.aanav d.aev phanind. nisaachar bhoot. bhavikh bhawaan japaaen'gae

**ਦਾਨਵ: ਰਾਕਸ਼ਸ਼ (ਦੈਂਤ), ਦੇਵਤੇ, ਫਨਿੰਦ: ਫਨੀਅਰ (ਸ਼ੇਸ਼ਨਾਗ), ਨਿਸਾਚਰ: ਰਾਤੀਂ ਫਿਰਦੇ (ਭੂਤ ਪਰੇਤ), ਲੰਘੇ ਸਮੇ ਤੁਹਾਨੂੰ ਜਪਦੇ ਰਹੇ, ਆਉਣ ਵਾਲੇ ਸਮੇ ਜਪਣਗੇ, ਅਤੇ ਹੁਣ ਜਪਦੇ ਹਨ।**

Demons, gods, Shesh-Naag (King-serpent - mythological support of the world), and the elements (spirits, ghosts), had been, are, and will ever recite Your Name.

**ਜੀਵ ਜਿਤੇ ਜਲ ਮੈ ਥਲ ਮੈ ਪਲ ਹੀ ਪਲ ਮੈ ਸਭ ਥਾਪ ਥਪੈਂਗੇ ॥**

Jeev jit.ae jall maae thall maae pall hee pall maae sabh thaap thapaaen'gae

**ਜੀਵ-ਜੰਤੂ ਜਿਤਨੇ ਵੀ ਹਨ ਧਰਤੀ ਅਤੇ ਪਾਣੀ ਵਿਚ, ਵਾਹਿਗੁਰੂ ਜੀ ਇਹਨਾ ਨੂੰ ਪਲ ਭਰ ਦੇ ਵਿਚ ਬਣਾਉਂਦੇ ਰਚਦੇ ਰਹਿਣਗੇ।**

The Lord will ever be creating in a moment all the animals on the land and in the water.

ਪੁੰਨ ਪ੍ਰਤਾਪਨ ਬਾਢ ਜੈਤ ਧੁਨ ਪਾਪਨ ਕੇ ਬਹੁ ਪੁੰਜ ਖਪੈਂਗੇ ॥

Pun:n part.aapan baadh jaaet. dh:unn papan kae bahu pun:j khapaaen'gae

ਭਲੇ ਕੰਮਾਂ ਦੇ ਪਰਤਾਪ ਦੇ ਨਾਲ ਬਾਢ: ਵਧੇਗੀ, ਜੈਤ ਧੁਨ: ਜੈ ਜੈਕਾਰ ਦੀ ਆਵਾਜ਼, ਅਤੇ ਪਾਪਾਂ ਦੇ ਢੇਰ ਨਾਸ਼ ਹੋ ਜਾਣਗੇ।

By the virtue of good deeds (and recitation of His Name), the appreciation (Recognition) will ever grow, and all the sins will get washed away.

ਸਾਧ ਸਮੂਹ ਪ੍ਰਸੰਨ ਫਿਰੈ ਜਗ ਸਤ੍ਰ ਸਭੈ ਅਵਲੋਕ ਚਪੈਂਗੇ ॥੭॥

Saadh: smooh pr;asan:n phiraae jagg sat.r; sabhaae avlok chapaaen'gae

ਚੰਗੇ ਬੰਦੇ (ਗੁਰਮੁਖ) ਸਾਰੇ ਹੀ ਸੰਸਾਰ ਦੇ ਅੰਦਰ ਖੁਸ਼ ਫਿਰਨਗੇ, ਅਤੇ ਇਹਨਾ ਨੂੰ ਅਵਲੋਕ: ਦੇਖ ਕੇ, ਸਾਰੇ ਦੁਸ਼ਮਣ ਸ਼ਰਮਿੰਦੇ ਹੋਣਗੇ।

Good people (God-Oriented) will ever be happy in the world, and their enemies will get ashamed to see them so.

ਮਾਨਵ ਇੰਦ੍ਰ ਗਜਿੰਦ੍ਰ ਨਰਾਧਪ ਜੌਨ ਤ੍ਰਿਲੋਕ ਕੋ ਰਾਜ ਕਰੈਂਗੇ ॥

Maanav In:d.r; gajin:d.r; naraadh:ap jaoun t.r;ilok ko raaj karaaen'gae

ਮਨੁਖ – ਇੰਦਰ–ਦੇਵਤੇ ਵਰਗੇ ਉੱਚੇ, ਗਜ–ਰਾਜ (ਹਾਥੀ–ਰਾਜਾ, ਈਰਾਵਤ ਹਾਥੀ) ਦੇ ਮਾਲਕ ਨਰਾਧਪ: ਰਾਜੇ, ਕਿ ਜੋ ਤ੍ਰਿਲੋਕ: ਧਰਤੀ ਅਕਾਸ਼ ਪਤਾਲ (ਸਾਰੀ ਧਰਤੀ), ਦਾ ਰਾਜ ਕਰਦੇ ਹੋਣ,

The known people like god Indra, monarchs who keep GajIndar (King-elephants) and rule the whole world,

ਕੋਟਿ ਇਸਨਾਨ ਗਜਾਦਿਕ ਦਾਨ ਅਨੇਕ ਸੁਅੰਬਰ ਸਾਜ ਬਰੈਂਗੇ ॥

Kote isnaan gajaad.ik d.aan anaek su-an'bar saaj baraaen'gae

ਕਰੋੜਾਂ ਤੀਰਥ–ਇਸ਼ਨਾਨ ਕਰਨ ਅਤੇ ਹਾਥੀ ਦਾਨ ਕਰਨ ਵਾਲੇ, ਅਨੇਕਾਂ ਕਿ ਜੋ ਸੁਅੰਬਰ (ਆਪਣਾ ਵਰ ਆਪ ਚੁਣਨਾ) ਰਚ ਕੇ ਵਿਆਹ ਕਰਾਉਂਦੇ ਹੋਣ,

Those who bathe at the numberless shrines and give elephants in charity, and those who are great enough to set up self-spouse-selecting functions to marry,

ਬ੍ਰਹਮ ਮਹੇਸਰ ਬਿਸਨ ਸਚੀਪਤਿ ਅੰਤ ਫਸੇ ਜਮ ਫਾਸ ਪਰੈਂਗੇ ॥

Br;ahm Mahaesar Bisan Sacheepat.-e a-n:t. phasae jamm phaas praaen'gae

ਉੱਪਰ ਦੱਸੇ ਲੋਕ, ਕੀ ਬਰਹਮਾ, ਸ਼ਿਵ ਜੀ, ਵਿਸ਼ਨੂ, "ਸੱਚੀ" ਦਾ ਪਤੀ (ਇੰਦਰ), ਵਰਗਿਆਂ ਨੂੰ ਵੀ ਅੰਤ ਨੂੰ ਮਰਨਾ ਹੁੰਦਾ ਹੈ।

What of the above said people, even Brahma, Shiva, Vishnu, and Indra too, will die in the end.

ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ ਤੇ ਨਰ ਫੇਰ ਨ ਦੇਹ ਧਰੈਂਗੇ ॥੮॥

Jae narr Sr;ee Pat.t.-e kae pr;ass haaen' pagg t.ae narr phaer naa d.aeh dh:araaen'gae

ਭਰ ਉਹ ਕਿ ਜੋ "ਸ੍ਰੀ ਪਤਿ" (ਮਾਇਆ: ਰਚਨਾ, ਦਾ ਪਤੀ। ਵਾਹਿਗੁਰੂ) ਦੇ ਚਰਨੀ ਲੱਗਦੇ ਹਨ, ਉਹ ਜਨਮ–

ਮਰਣ ਤੋਂ ਮੁੱਕਤ ਹੋ ਜਾਂਦੇ ਹਨ।

But, those who seek the refuge of the Lord, get liberated and do not get born again.

ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ ॥

Kahaa bhayo jo d.o-oo lochan moon:d. kaae baaeth:e rahe-o bakk dh:iaan lagaa-eo

ਕੀ ਹੋਇਆ ਜੇ ਦੋਨੋ ਲੋਚਨ: ਅਖੀਆਂ, ਮੀਟ ਕੇ ਬੈਠਾ ਰਿਹਾ, ਬਕ: ਬਗ਼ਲੇ ਵਾਂਙ, ਧਿਆਨ ਟਿਕਾ ਕੇ (ਦਿਖਾਵਾ ਕੀਤਾ),

What if a person keeps sitting with both the eyes closed and the mind fixed like a crane on fish (Practiced hypocrisy),

ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ ਲੋਕ ਗਯੋ ਪਰਲੋਕ ਗਵਾਇਓ ॥

Nh;aat. phirio leeae saat. samud.r;ne lok gayo parlok gavaa-eo

(ਦਿਖਾਵੇ ਕਰਦਾ) ਨ੍ਹਾਉਂਦਾ ਫਿਰਿਆ ਸੱਤ ਸਮੁੰਦਰ (ਦੁਨੀਆ ਭਰ ਦੇ ਤੀਰਥ), ਇਹਨੇ ਨਾ ਇਸ ਦੁਨੀਆ (ਜੀਵਨ) ਨੂੰ ਚਜ ਦੇ ਨਾਲ ਭੋਗਿਆ, ਨਾ ਹੀ ਮੁਕਤੀ ਪਰਾਪਤ ਕੀਤੀ।

(In hypocrisy) he kept bathing at the seven seas (Shrines the world over), neither he made right use of his life here, nor he achieved the liberation.

ਬਾਸ ਕੀਓ ਬਿਖਿਆਨ ਸੋ ਬੈਠ ਕੈ ਐਸੇ ਹੀ ਐਸੇ ਸੁ ਬੈਸ ਬਿਤਾਇਓ ॥

bass keeo bikhiaan so baaeth: kaae aaesae hee aaesae su baaes bit.aa-eo

ਵਾਸਾ ਕੀਤਾ ਵਿਸ਼ਿਆਂ (ਮਾੜੇ ਕੰਮਾਂ) ਦੇ ਨਾਲ, ਐਵੇਂ ਹੀ ਬੈਸ: ਉਮਰ, ਗਵਾ ਲਈ।

He kept company of evils, and wasted his life for nothing.

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥

Saach kahon' sunn laehu sabhaae jinn praem keeo t.in hee Pr;abh paa-eo

ਸੱਚ ਕਹਿੰਦਾ ਹਾਂ, ਸਾਰੇ ਸੁਣ ਲਵੋ, ਪਰਮਾਤਮਾ ਸਿਰਫ਼ ਉਹਨੂੰ ਹੀ ਮਿਲਦਾ ਹੈ ਕਿ ਜੋ ਉਹਨੂੰ ਮਨੋ ਪਰੇਮ ਕਰੇ (ਦਿਖਾਵਿਆਂ ਦੇ ਨਾਲ ਨਹੀ)।

I say the truth, listen everybody, only he realizes God who loves Him truely (not by hypocrisy).

ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ ॥

Kaahoo laae pahan pooj dh:areo si-r kahoo laae lin:g garae latkaa-eo ਕਿਸੇ ਨੇ ਪਾਹਨ: ਪੱਥਰ (ਮੂਰਤੀ), ਪੂਜਣ-ਯੋਗ ਜਾਣ ਕੇ ਸਿਰ ਉੱਤੇ ਰੱਖ ਲਿਆ (ਉਹਦੇ ਪੈਰਾਂ ਉੱਤੇ ਆਪਣਾ ਸਿਰ ਟਿਕਾ ਦਿੱਤਾ), ਕਿਸੇ ਨੇ ਸ਼ਿਵਲਿੰਗ ਆਪਣੇ ਗਲ ਵਿਚ ਲਟਕਾ ਲਿਆ (ਪੂਜਯ ਜਾਣ ਕੇ)।

Considering worth worship, someone bows to the stone idol, and the other hangs Shivling (Oval stone symbolizing Shiva) from his neck.

ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸੁ ਨਿਵਾਇਓ ॥
Kahoo lakheo Har-e avaachee d.issaa mahe kaahoo pachhah ko seesu nivaa-eo
ਕਿਸੇ ਨੇ (ਹਿੰਦੂ) ਹਰੀ: ਪਰਮਾਤਮਾ ਨੂੰ, ਅਵਾਚੀ ਦਿਸਾ: ਦੱਖਣ (ਦਵਾਰਕਾ, ਕਰਿਸ਼ਨ ਜੀ ਦੇ ਸ਼ਹਿਰ) ਵੱਲ ਦੇਖਿਆ: ਸਮਝਿਆ, ਕੋਈ (ਮੁਸਲਮਾਨ) ਉਹਨੂੰ ਪਛਾਹ: ਪਛਮ (ਕਾਅਬੇ) ਵੱਲ, ਮੰਨਦਾ ਹੈ।
Hindus think God is in the South - towards Dwarka: the town of Lord Krishna, and Muslims presume Him to be in the West - In the direction of Kaba, their Holy Shrine.

ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
Ko-oo but.aan ko poojat. haae passu ko-oo mr;it.aan ko poojan dh:aa-eo
ਕੋਈ ਪਸੂ-ਬੁਧੀ ਵਾਲਾ ਬੁੱਤਾਂ ਨੂੰ ਰੱਬ ਸਮਝ ਕੇ ਪੂਜਦਾ ਹੈ, ਕੋਈ ਮਰਿਆਂ (ਕਬਰਾਂ) ਨੂੰ ਪੂਜਣ ਲਈ ਭੱਜਦਾ ਹੈ।
Some unwise person (keeps up to) worships the idol, and the other one runs to worship the dead (Graves).

ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥੧੦॥
Koor kr;iaa ourjheo sabh hee jagg Sr;ee Bhagvaan kaa bhaed. naa paa-eo
ਸਾਰਾ ਜਗਤ ਝੂਠੇ ਕੰਮਾਂ ਵਿਚ ਰੁਝਿਆ ਹੋਇਆ ਹੈ, ਕਿਸੇ ਨੇ ਵੀ ਵਾਹਿਗੁਰੂ ਦੇ ਬਾਰੇ ਸਚਾਈ ਨੂੰ ਜਾਣਨ ਦਾ ਜਤਨ ਨਹੀ ਕੀਤਾ।
Whole of the world is engaged in the useless things, and no one tried to realize the Truth about God.

Waheguru Ji Ka Khalsa......Waheguru Ji ki Fateh
www.thesikhlife.com